# ਰੇਤਲੀ ਮਿੱਟੀ, ਘੱਟ ਪਾਣੀ ਵਾਲੇ ਖੇਤਰਾਂ ਲਈ ਢੁੱਕਵੀਂ ਕਣਕ ਦੀ ਨਵੀਂ ਕਿਸਮ ਡਬਲਯੂਐਚ 1402

ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ (ਐਚ ਏ ਯੂ), ਹਿਸਾਰ ਨੇ ਕਣਕ ਦੀ ਇੱਕ ਨਵੀਂ ਕਿਸਮ ਡਬਲਯੂਐਚ 1402 ਤਿਆਰ ਕੀਤੀ ਹੈ। ਇਹ ਕਿਸਮ ਰੇਤਲੀ ਅਤੇ ਘੱਟ ਉਪਜਾਊ ਮਿੱਟੀ ਅਤੇ ਘੱਟ ਪਾਣੀ ਵਾਲੇ ਇਲਾਕਿਆਂ ਨੂੰ ਧਿਆਨ ਵਿੱਚ ਰੱਖ ਕੇ ਵਿਕਸਿਤ ਕੀਤੀ ਗਈ ਹੈ।

ਐਚ ਏ ਯੂ ਦੇ ਵਿਗਿਆਨੀਆਂ ਨੇ ਕਿਹਾ ਕਿ ਇਹ ਕਿਸਮ ਸਿਰਫ਼ ਦੋ ਸਿੰਜਾਈ ਅਤੇ ਦਰਮਿਆਨੀ ਖਾਦ ਨਾਲ ਵੀ ਚੰਗੀ ਪੈਦਾਵਾਰ ਦੇਵੇਗੀ। ਉਨ੍ਹਾਂ ਕਿਹਾ ਹੈ ਡਬਲਯੂਐਚ 1402 ਹਰਿਆਣਾ ਤੋਂ ਇਲਾਵਾ ਪੰਜਾਬ, ਰਾਜਸਥਾਨ, ਦਿੱਲੀ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਿੱਚ ਕਾਸ਼ਤ ਦੇ ਲਈ ਢੁੱਕਵੀਂ ਹੈ।

ਯੂਨੀਵਰਸਿਟੀ ਪ੍ਰਸ਼ਾਸਨ ਦੇ ਮੁਤਾਬਿਕ ਅਗਲੇ ਦੋ ਸਾਲਾਂ ਵਿੱਚ ਇਸ ਕਿਸਮ ਦਾ ਬੀਜ ਕਿਸਾਨਾਂ ਨੂੰ ਮਿਲਣਾ ਸ਼ੁਰੂ ਹੋ ਜਾਏਗਾ। ਐਚ ਏ ਯੂ ਦੇ ਕੁਲਪਤੀ ਪ੍ਰੋਫੈਸਰ ਬੀ ਆਰ ਕੰਬੋਜ ਨੂੰ ਦੱਸਿਆ ਕਿ ਡਬਲਯੂਐਚ 1402 ਦਾ ਔਸਤ ਝਾੜ 50 ਕੁਇੰਟਲ ਪ੍ਰਤੀ ਹੈਕਟੇਅਰ ਹੈ ਅਤੇ ਵੱਧ ਤੋਂ ਵੱਧ ਝਾੜ 68 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਲਿਆ ਜਾ ਸਕਦਾ ਹੈ। ਇਹ ਕਿਸਮ ਪੀਲੀ ਕੁੰਗੀ, ਭੂਰੀ ਕੁੰਗੀ ਅਤੇ ਹੋਰ ਬਿਮਾਰੀਆਂ ਦਾ ਟਾਕਰਾ ਕਰਦੀ ਹੈ।

ਡਬਲਯੂਐਚ 1402 ਦਾ ਸਿੱਟਾ 100 ਦਿਨਾਂ ਵਿੱਚ ਨਿਕਲਦਾ ਹੈ ਅਤੇ ਇਹ 147 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ। ਇਸ ਦਾ ਸਿੱਟਾ 14 ਸੈਂਟੀਮੀਟਰ ਲੰਮਾ ਅਤੇ ਲਾਲ ਰੰਗ ਦਾ ਹੁੰਦਾ ਹੈ। ਇਸ ਕਿਸਮ ਦੀ ਉਚਾਈ 100 ਸੈਂਟੀਮੀਟਰ ਹੈ। ਇਸ ਕਿਸਮ ਦਾ ਦਾਣਾ ਮੋਟਾ ਅਤੇ ਇਸ ਵਿੱਚ 11.3 ਫ਼ੀਸਦੀ ਪ੍ਰੋਟੀਨ ਹੈ।